ਮਾਨਯੋਗ ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ ਸਮੂਹ ਜਿਲ੍ਹਾ ਭਲਾਈ ਅਫਸਰਾਂ ਨਾਲ ਮਿਤੀ 11-11-2014 ਨੂੰ ਸਵੇਰੇ 11.00 ਵਜੇ ਕਮੇਟੀ ਰੂਮ, ਚੌਥੀ ਮੰਜਿਲ, ਪੰਜਾਬ ਸਿਵਲ ਸਕੱਤਰੇਤ—2, ਪੰਜਾਬ, ਸੈਕਟਰ 9, ਚੰਡੀਗੜ੍ਹ ਵਿਖੇ ਹੋਈ ਮੀਟਿੰਗ ਦੀ ਕਾਰਵਾਈ

ਮੀਟਿੰਗ ਵਿੱਚ ਹਾਜ਼ਰ ਹੋਏ ਅਧਿਕਾਰੀਆਂ ਦੀ ਸੂਚੀ ਅਨੁਲੱਗ ੳ ਅਨੁਸਾਰ ਹੈ।

ਮੀਟਿੰਗ ਦੇ ਸੁਰੂ ਵਿਚ ਡਾਇਰੈਕਟਰ ਭਲਾਈ ਜੀ ਵੱਲੋਂ ਮਾਨਯੋਗ ਸਕੱਤਰ ਭਲਾਈ ਜੀ ਦਾ ਮੀਟਿੰਗ ਵਿਚ ਆਉਣ ਤੇ ਜੀ ਆਇਆ ਆਖਿਆ ਗਿਆ ਅਤੇ ਸਪਸ਼ਟ ਕੀਤਾ ਗਿਆ ਕਿ ਮਾਨਯੋਗ ਸਕੱਤਰ ਭਲਾਈ ਜੀ ਦੀ ਸੁਚੱਜੀ ਅਗਵਾਈ ਵਿਚ ਜੋ ਮੀਟਿੰਗਾਂ ਕੀਤੀਆਂ ਗਈਆਂ ਸਨ, ਉਨ੍ਹਾਂ ਮੀਟਿੰਗਾਂ ਵਿਚ ਲਏ ਗਏ ਫੈਸਲਿਆਂ ਅਨੁਸਾਰ ਵਿਭਾਗ ਦੇ ਅਧਿਕਾਰੀਆਂ ਵੱਲੋਂ ਆਪਣੇ ਕੰਮ ਵਿਚ ਤੇਜ਼ੀ ਲਿਆਂਦੀ ਗਈ ਹੈ ਅਤੇ ਵਿਭਾਗੀ ਸਕੀਮਾਂ ਦੇ ਕੰਮ ਦਾ ਨਿਪਟਾਰਾ ਦਿਲਚਸਪੀ ਨਾਲ ਕੀਤਾ ਜਾ ਰਿਹਾ ਹੈ।

ਮੀਟਿੰਗ ਵਿੱਚ ਭਲਾਈ ਸਕੀਮਾਂ ਦਾ ਜਾਇਜਾ ਲੈਂਦੇ ਹੋਏ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਗਈ:-

**ITEM NO.1 Post Matric Scholarship for SC/Minorities Scheme:-**

- **Post Matric Scholarship Scheme for SC/Minorities Students** ਤਹਿਤ ਸਾਲ 2014-15 ਦੀ sample checking ਲਈ ਸਮੂਹ ਜਿਲ੍ਹਾ ਭਲਾਈ ਅਫਸਰਾਂ ਨੂੰ ਚੈਕਿੰਗ ਕਰਨ ਦੇ ਆਦੇਸ਼ ਦਿੱਤੇ ਗਏ ਅਤੇ ਵਿਸਥਾਰਪੂਰਵਕ ਰਿਪੋਰਟਾਂ ਸਬੰਧਿਤ Line Department ਦੇ scrutiny authority ਨੂੰ ਭੇਜਣ ਲਈ ਦੱਸਿਆ ਗਿਆ।
- ਜਿਨ੍ਹਾਂ ਵਿਦਿਅਕ ਸੰਸਥਾਵਾਂ ਵੱਲੋਂ ਸਬੰਧਤ ਜਿਲ੍ਹਾ ਭਲਾਈ ਅਫਸਰਾਂ ਨੂੰ ਰਿਕਾਰਡ ਨਹੀਂ ਵਿਖਾਇਆ ਗਿਆ, ਉਸ ਸਬੰਧੀ ਉਨ੍ਹਾਂ ਵਿਦਿਅਕ ਸੰਸਥਾਵਾਂ ਨੂੰ ਰਿਕਾਰਡ ਵਿਖਾਉਣ ਲਈ ਤੁਰੰਤ ਆਦੇਸ਼ ਦਿੱਤੇ ਜਾਣ।
- **Post Matric Scholarship for SC Students and Minorities Scheme** ਤਹਿਤ ਸੰਸਥਾ-ਵਾਰ ਵੰਡੀ ਗਈ ਰਾਸ਼ੀ ਦੇ ਮੁਕੰਮਲ ਵੇਰਵੇ ਸਮੂਹ ਜਿਲ੍ਹਾ ਭਲਾਈ ਅਫਸਰਾਂ ਨੂੰ ਈਮੇਲ ਰਾਹੀਂ ਇੱਕ ਹਫਤੇ ਦੇ ਅੰਦਰ-ਅੰਦਰ ਭੇਜ਼ ਦਿੱਤੇ ਜਾਣ ਤਾਂ ਜੋ ਸਬੰਧਤ ਜਿਲ੍ਹਾ ਭਲਾਈ ਅਫਸਰ ਸਾਲ 2013-14 ਦੀ ਵੰਡੀ ਗਈ ਰਾਸ਼ੀ ਅਤੇ 2014-15 ਦੇ ਕੇਸਾਂ ਦੀ ਚੈਕਿੰਗ ਕਰ ਸਕਣ। ਇਹ ਡਾਟਾ ਵਿਭਾਗ ਦੀ website ਤੇ ਵੀ ਅਪਲੋਡ ਕੀਤਾ ਜਾਵੇ।
- ਮੀਟਿੰਗ ਵਿਚ ਹਾਜ਼ਰ ਲਾਈਨ ਵਿਭਾਗਾਂ ਦੇ ਅਧਿਕਾਰੀ ਯਕੀਨੀ ਬਣਾਉਣ ਕਿ ਵਿਦਿਆਰਥੀਆਂ ਦੀ ਪਾਤਰਤਾ ਅਤੇ ਸੰਸਥਾਵਾਂ ਦੀ ਚੈਕਿੰਗ ਅਤੇ scrutiny ਨਿੱਜੀ ਜ਼ਿੰਮੇਵਾਰੀ ਨਾਲ ਕਰਵਾਈ ਜਾਵੇ। ਡਾਇਰੈਕਟਰ ਭਲਾਈ ਵੱਲੋਂ ਡਾਇਰੈਕਟਰ ਐਸ.ਸੀ.ਐਸ.ਪੀ ਅਤੇ ਲਾਗੂ ਕਰਤਾ ਵਿਭਾਗਾਂ ਦੇ ਅਧਿਕਾਰੀਆਂ ਨੂੰ ਸ਼ਾਮਲ ਕਰਕੇ ਡਾਇਰੈਕਟੋਰੇਟ ਪੱਧਰ ਤੇ 22 ਜੁਆਇੰਟ ਟੀਮਾਂ ਬਣਾ ਕੇ ਚੈਕਿੰਗ ਕਰਵਾਈ ਜਾਵੇ ਤਾਂ ਜੋ ਇਸ ਸਕੀਮ ਤਹਿਤ ਕੇਵਲ ਯੋਗ ਵਿਦਿਆਰਥੀਆਂ ਅਤੇ ਸੰਸਥਾਵਾਂ ਨੂੰ ਹੀ ਸਾਲ 2014-15 ਦੌਰਾਨ ਕਵਰ ਕੀਤਾ ਜਾ ਸਕੇ।
- ਡਾਇਰੈਕਟਰ ਭਲਾਈ ਸਮੂਹ Line Departments ਨੂੰ ਹਦਾਇਤਾਂ ਜਾਰੀ ਕਰਨ ਕਿ ਕਰਮਚਾਰੀਆਂ ਦੇ ਬੱਚਿਆਂ ਦੇ ਕੇਸਾਂ ਵਿੱਚ ਤਨਖਾਹ ਪਰਚੀਆਂ ਲਗਵਾਈਆਂ ਜਾਣ।

**ITEM NO.2 Pending proposals of Babu Jagjiwan Ram Chhatrawas Yojna Scheme for the year 2013-14 and 2014-15:-**

- ਵਧੀਕ ਡਾਇਰੈਕਟਰ ਭਲਾਈ ਵੱਲੋਂ ਧਿਆਨ ਵਿਚ ਲਿਆਂਦਾ ਗਿਆ ਕਿ ਪਿਛਲੇ ਸਾਲਾਂ ਦੌਰਾਨ ਇਸ ਸਕੀਮ ਤਹਿਤ ਫੀਲਡ/ਵਿਦਿਅਕ ਸੰਸਥਾਵਾਂ ਤੋਂ ਮੁਕੰਮਲ ਤਜਵੀਜ਼ਾਂ ਪ੍ਰਾਪਤ ਨਾ ਹੋਣ ਕਾਰਨ

ਭਾਰਤ ਸਰਕਾਰ, ਮਨਿਸਟਰੀ ਆਫ ਸੋਸ਼ਲ ਜ਼ਸਟਿਸ ਐਂਡ ਇੰਪਾਵਰਮੈਂਟ, ਨਵੀਂ ਦਿੱਲੀ ਤੋਂ ਬਜਟ ਅਲਾਟਮੈਂਟ ਅਨੁਸਾਰ ਰਾਸ਼ੀ ਪ੍ਰਾਪਤ ਨਹੀਂ ਕੀਤੀ ਜਾ ਸਕੀ।

- ਬਾਬੂ ਜਗਜੀਵਨ ਰਾਮ ਛਾਤਰਾਵਾਸ ਯੋਜਨਾ ਤਹਿਤ ਜੋ ਤਜਵੀਜ਼ਾਂ ਫੀਲਡ ਪੱਧਰ ਤੇ ਮੁਕੰਮਲ ਕਰਨ ਹਿੱਤ ਉਨ੍ਹਾਂ ਪਾਸ ਪੈਂਡਿੰਗ ਹਨ, ਉਹ ਤਜਵੀਜਾਂ ਵਿਸ਼ੇਸ਼ ਉਪਰਾਲੇ ਨਾਲ 15 ਦਿਨਾਂ ਦੇ ਅੰਦਰ-ਅੰਦਰ ਸਬੰਧਤ ਵਿਦਿਅਕ ਸੰਸਥਾਵਾਂ ਤੋਂ ਹਰ ਪੱਖੋਂ ਮੁਕੰਮਲ ਕਰਵਾ ਕੇ, ਮੁੱਖ ਦਫਤਰ ਵਿਖੇ ਤਿੰਨ ਪਰਤਾਂ ਵਿਚ ਸਪੈਸ਼ਲ ਮੈਸੇਂਜਰ ਰਾਹੀਂ ਪੁੱਜਦੀਆਂ ਕੀਤੀਆਂ ਜਾਣ।

**ITEM NO.3 Shagun Scheme:-**

- ਅਰਜ਼ੀ ਦੀ ਪ੍ਰਾਪਤੀ ਤੋਂ ਇੱਕ ਮਹੀਨੇ ਦੇ ਵਿੱਚ sanctioning authority ਕੇਸ sanction/reject ਕਰਨ ਉਪਰੰਤ ਈਮੇਲ ਡਾਇਰੈਕਟੋਰੇਟ ਨੂੰ ਭੇਜਣਗੇ। ਇਹ ਯਕੀਨੀ ਬਣਾਇਆ ਜਾਵੇ ਕਿ ਈਮੇਲ ਭੇਜਣ ਵੇਲੇ ਡਾਟਾਬੇਸ, ਬੈਂਕ ਖਾਤਾ ਨੰਬਰ ਵਗੈਰਾ ਵਿੱਚ ਗਲਤੀਆਂ ਨਾ ਹੋਣ।
- ਲਾਭਪਾਤਰੀਆਂ ਨੂੰ ਰਾਸ਼ੀ online disburse ਕਰਨ ਉਪਰੰਤ ਵਧਾਈ ਪੱਤਰ ਡਾਕ ਵਿਭਾਗ ਰਾਹੀਂ ਭੇਜੇ ਜਾਇਆ ਕਰਨ।

**ITEM NO.4 Scholarship schemes covered under DBT:-**

ਇਸ ਕੰਮ ਵਿਚ ਵਿਸ਼ੇਸ਼ ਦਿਲਚਸਪੀ ਲੈਂਦੇ ਹੋਏ, ਹਰ ਮਹੀਨੇ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕਾਲਰਸ਼ਿਪ ਸਕੀਮਾਂ ਜ਼ੋ ਡੀ.ਬੀ.ਟੀ. ਅਧੀਨ ਕਵਰ ਹੁੰਦੀਆਂ ਹਨ, ਤਹਿਤ ਵਿਦਿਆਰਥੀਆਂ ਦੇ ਬੈਂਕ ਖਾਤੇ ਅਤੇ ਉਨ੍ਹਾਂ ਦੇ ਆਧਾਰ ਕਾਰਡ ਬਣਾਉਣ ਲਈ ਅਤੇ ਬੈਂਕ ਖਾਤਿਆਂ ਦੀ ਆਧਾਰ ਨੰਬਰ ਨਾਲ ਸੀਡਿੰਗ ਵੱਧ ਤੋਂ ਵੱਧ ਕਰਵਾਉਣ ਲਈ ਜਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਾਲ ਲਗਾਤਾਰ ਮੀਟਿੰਗਾਂ ਕਰਵਾਉਣ ਉਪਰੰਤ 100% ਟੀਚੇ ਪ੍ਰਾਪਤ ਕਰਕੇ, ਪ੍ਰਗਤੀ ਰਿਪੋਰਟ ਮੁੱਖ ਦਫਤਰ ਨੂੰ ਭੇਜੀ ਜਾਵੇ।

**ITEM NO.5 Setting up of District level Vigilance & Monitoring Committee:-**

ਜਿਲ੍ਹਾ ਫਿਰੋਜ਼ਪੁਰ, ਮਾਨਸਾ, ਪਠਾਨਕੋਟ ਅਤੇ ਰੂਪਨਗਰ ਵਿੱਚ ਇਨ੍ਹਾਂ ਕਮੇਟੀਆਂ ਦਾ ਗਠਨ ਕਰਵਾਇਆ ਜਾਵੇ। ਸਮੂਹ ਜਿਲ੍ਹਾ ਭਲਾਈ ਅਫਸਰ ਆਪਣੇ ਆਪਣੇ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਸਾਹਿਬਾਨ ਨਾਲ ਤਾਂਲਮੇਲ ਕਰਕੇ ਮੀਟਿੰਗਾਂ ਕਰਵਾਉਣ ਉਪਰੰਤ ਮੀਟਿੰਗ ਦੀ ਕਾਰਵਾਈ ਡਾਇਰੈਕਟੋਰੇਟ ਵਿੱਚ ਭਿਜਵਾਉਣਗੇ। ਜਿਲ੍ਹਾ ਪੱਧਰ ਤੇ ਵਿਜੀਲੈਂਸ ਅਤੇ ਮੋਨੀਟਰਿੰਗ ਕਮੇਟੀ ਦੀਆਂ ਰੈਗੂਲਰ ਮੀਟਿੰਗਾਂ ਕਰਵਾਈਆਂ ਜਾਇਆ ਕਰਨ ਅਤੇ ਸੂਚਨਾ ਸਮੇਂ-ਸਿਰ ਮੁੱਖ ਦਫਤਰ ਨੂੰ ਭੇਜੀ ਜਾਇਆ ਕਰੇ।

**ITEM NO.6 Regarding constitution of Vigilance Committee under Manual Scavenger Act, 2013**

Manual Scavenger Act, 2013 ਤਹਿਤ ਜਿਲ੍ਹਾ ਅੰਮ੍ਰਿਤਸਰ, ਬਠਿੰਡਾ, ਬਰਨਾਲਾ, ਫਿਰੋਜ਼ਪੁਰ, ਫਾਜਿਲਕਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਮੋਗਾ, ਸ਼ਹੀਦ ਭਗਤ ਸਿੰਘ ਨਗਰ, ਪਟਿਆਲਾ ਵਿਖੇ ਜਿਲ੍ਹਾ ਪੱਧਰ ਤੇ ਵਿਜੀਲੈਂਸ ਕਮੇਟੀਆਂ ਗਠਿਤ ਹੋਈਆਂ ਹਨ ਅਤੇ ਸਬ ਡਵੀਜ਼ਨ ਪੱਧਰ ਤੇ ਵਿਜੀਲੈਂਸ ਕਮੇਟੀਆਂ ਦਾ ਮੁਕੰਮਲ ਗਠਨ ਕੇਵਲ ਜਿਲ੍ਹਾ ਫਾਜਿਲਕਾ, ਫਤਹਿਗੜ੍ਹ ਸਾਹਿਬ, ਸ਼ਹੀਦ ਭਗਤ ਸਿੰਘ ਨਗਰ ਅਤੇ ਐਸ.ਏ.ਐਸ.ਨਗਰ ਵਿਖੇ ਹੀ ਹੋਇਆ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏਸਮੂਹ ਜਿਲ੍ਹਾ ਭਲਾਈ ਅਫਸਰਾਂ ਨੂੰ ਹਦਾਇਤ ਕੀਤੀ ਗਈ ਕਿ ਜਿਲ੍ਹਾ/ਸਬ ਡਵੀਜ਼ਨ ਪੱਧਰ ਤੇ ਇਨ੍ਹਾਂ ਜਿਲ੍ਹਾ ਪੱਧਰ/ਸਬ ਡਵੀਜਨ ਪੱਧਰ ਦੀਆਂ ਵਿਜੀਲੈਂਸ ਕਮੇਟੀਆਂ ਦਾ ਮੁਕੰਮਲ ਗਠਨ ਆਪਣੇ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਉਪ ਮੰਡਲ ਮੈਜਿਸਟ੍ਰੇਟਾਂ ਨਾਲ ਨਿੱਜੀ ਪੱਧਰ ਤੇ ਸੰਪਰਕ ਕਰਕੇ ਕਰਵਾਂਉਣ। ਇਸ ਉਪਰੰਤ ਸੂਚਨਾ ਤੁਰੰਤ

ਮੁੱਖ ਦਫਤਰ ਨੂੰ ਭੇਜਣੀ ਯਕੀਨੀ ਬਣਾਉਣ ਅਤੇ ਸਮੇਂ ਸਮੇਂ ਸਿਰ ਮੀਟਿੰਗਾਂ ਕਰਵਾਉਣ ਉਪਰੰਤ, ਮੀਟਿੰਗਾਂ ਦੀ ਕਾਰਵਾਈ ਮੁੱਖ ਦਫਤਰ ਨੂੰ ਭੇਜੀ ਜਾਇਆ ਕਰੇ।

**ITEM NO.7 Half yearly progress report in proforma prescribed by Govt. of India under P.C.R.Act, 1955and P.O.A. Act, 1989**

ਕੇਵਲ ਫਰੀਦਕੋਟ, ਫਤਿਹਗੜ੍ਹ ਸਾਹਿਬ ਅਤੇ ਜਲੰਧਰ ਤੋਂ ਹੀ ਸੂਚਨਾ ਪ੍ਰਾਪਤ ਹੋਈ ਹੈ। ਇਹ ਈਮੇਲ ਤੇ ਦੋਬਾਰਾ ਭੇਜੀ ਜਾਵੇ। ਬਾਕੀ ਜਿਲ੍ਹਾ ਭਲਾਈ ਅਫਸਰਾਂ ਨੂੰ ਆਦੇਸ਼ ਦਿੱਤੇ ਗਏ ਕਿ ਪੀ.ਸੀ.ਆਰ. ਐਕਟ, 1955 ਅਤੇ ਪੀ.ਓ.ਏ. ਐਕਟ, 1989 ਤਹਿਤ ਭਾਰਤ ਸਰਕਾਰ ਵਲੋ ਨਿਰਧਾਰਤ ਪ੍ਰੋਫਾਰਮੇ ਵਿੱਚ ਛਿਮਾਹੀ ਪ੍ਰਗਤੀ ਰਿਪੋਰਟ ਇੱਕ ਹਫਤੇ ਦੇ ਅੰਦਰ-ਅੰਦਰ, ਹਰ ਪੱਖੋਂ ਮੁਕੰਮਲ ਰੂਪ ਵਿਚ, ਮੁੱਖ ਦਫਤਰ ਨੂੰ ਈਮੇਲ ਤੇ ਭੇਜੀ ਜਾਵੇ। ਡਿਪਟੀ ਡਾਇਰੈਕਟਰ ਇਸ ਸਬੰਧ ਵਿੱਚ ਸਮੂਹ ਜਿਲ੍ਹਾ ਭਲਾਈ ਅਫਸਰਾਂ ਨੂੰ ਪ੍ਰੋਫਾਰਮਾ ਈਮੇਲ ਰਾਹੀਂ ਭਿਜਵਾਉਣਗੇ।

**ITEM NO.8 Report regarding free Text Books for Academic Year 2014-15**

- All DWOs/TWOs to check 10 schools per Tehsil/Committee.
- Checking to be done of all classes and all subjects.
- Special emphasis on quality of paper and printing.
- Special report to be sent.

**ITEM NO.9 Recommendations to be made for the year 2014-15 under Construction of House for Houseless People Scheme**

- ਇਸ ਸਕੀਮ ਤਹਿਤ ਸਾਲ 2014-15 ਦੌਰਾਨ ਸਰਕਾਰ ਵੱਲੋਂ ਕੀਤੀ ਗਈ ਬਜਟ ਅਲਾਟਮੈਂਟ ਅਨੁਸਾਰ ਜਿਲ੍ਹਿਆਂ ਨੂੰ ਟੀਚੇ ਅਲਾਟ ਨਹੀਂ ਕੀਤੇ ਗਏ, ਜਿਸ ਕਾਰਨ ਜਿਲ੍ਹਾ/ਸਬ ਡਵੀਜ਼ਨ ਪੱਧਰ ਤੇ ਸਬੰਧਤ ਲਾਭਪਾਤਰੀਆਂ ਦੀਆਂ ਸਿਫਾਰਸ਼ਾਂ ਤੇ ਸਬ ਡਵੀਜ਼ਨ/ਜਿਲ੍ਹਾ ਪੱਧਰ ਦੇ ਅਧਿਕਾਰੀਆਂ ਤੋਂ ਹਸਤਾਖਰ ਕਰਵਾਉਣ ਵਿਚ ਦਿੱਕਤ ਪੇਸ਼ ਆ ਰਹੀ ਹੈ।
- ਇਸ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੀ ਆਬਾਦੀ ਦੇ ਆਧਾਰ ਤੇ, ਸਮੂਹ ਜਿਲ੍ਹਿਆਂ ਨੂੰ ਡਾਇਰੈਕਟੋਰੇਟ ਵੱਲੋਂ ਸਾਲ 2014-15 ਦੌਰਾਨ 10.00 ਕਰੋੜ ਰੁਪਏ ਦੀ ਬਜਟ ਅਲਾਟਮੈਂਟ ਦੇ ਸਨਮੁੱਖ ਟੀਚੇ 100% ਐਸ.ਸੀ. ਆਬਾਦੀ ਵਾਲੇ ਪਿੰਡਾਂ ਵਿੱਚ ਅਲਾਟ ਕੀਤੇ ਜਾਣ।
- ਬੱਜਟ requirement ਲਈ ਵਿੱਤ ਵਿਭਾਗ ਨੂੰ ਡੀਮਾਂਡ (in anticipation) ਭੇਜੀ ਜਾਵੇ।
- ਇਸ ਸਕੀਮ ਤਹਿਤ ਨਵੇਂ ਮਕਾਨਾਂ ਦੀ ਉਸਾਰੀ ਲਈ ਰਾਸ਼ੀ 50,000/-ਰੁਪਏ ਤੋਂ ਵਧਾ ਕੇ 1.00 ਲੱਖ ਰੁਪਏ ਅਤੇ ਪੁਰਾਣੇ/ਖਸਤਾ ਹਾਲਤ ਵਿਚ ਮਕਾਨਾਂ ਦੀ ਮੁਰੰਮਤ ਲਈ ਰਾਸ਼ੀ 20,000/-ਰੁਪਏ ਤੋਂ ਵਧਾ ਕੇ 30,000/-ਰੁਪਏ ਕਰਨ ਸਬੰਧੀ ਤਜਵੀਜ਼ ਵਿੱਤ ਵਿਭਾਗ ਦੀ ਪ੍ਰਵਾਨਗੀ ਲਈ ਭੇਜੀ ਜਾਵੇ।

**ITEM NO.10 Regarding Unspent Amount:-**

ਡਿਪਟੀ ਕੰਟਰੋਲਰ (ਵਿ:ਤੇ ਲੇ:), ਮੁੱਖ ਦਫਤਰ ਵਲੋਂ ਦੱਸਿਆ ਗਿਆ ਕਿ ਅੰਮ੍ਰਿਤਸਰ, ਫਾਜਿਲਕਾ, ਗੁਰਦਾਸਪੁਰ, ਰੂਪਨਗਰ, ਸ਼ਹੀਦ ਭਗਤ ਸਿੰਘ ਨਗਰ ਅਤੇ ਤਰਨਤਾਰਨ ਵਿਖੇ ਵੱਖ ਵੱਖ ਸਕੀਮਾਂ ਅਧੀਨ ਪਿਛਲੇ ਸਾਲਾਂ ਦੀ ਰਾਸ਼ੀ ਅਣਵੰਡੀ ਪਈ ਹੈ।ਸਬੰਧਤ ਜਿਲ੍ਹਾ ਭਲਾਈ ਅਫਸਰਾਂ ਨੂੰ ਆਦੇਸ਼ ਦਿੱਤੇ ਗਏ ਕਿ ਜਿਨ੍ਹਾਂ ਸਕੀਮਾਂ ਤਹਿਤ ਪਿਛਲੇ ਸਾਲਾਂ ਦੀ ਰਾਸ਼ੀ ਖਰਚ ਨਹੀਂ ਕੀਤੀ ਜਾ ਸਕਦੀ, ਉਹ ਰਾਸ਼ੀ ਸਮੇਤ ਵਿਆਜ ਖਜਾਨੇ ਜਮ੍ਹਾਂ ਕਰਵਾਉਣ ਲਈ ਮੁੱਖ ਦਫਤਰ ਵਿਖੇ 15 ਦਿਨਾਂ ਵਿੱਚ ਭੇਜੀ ਜਾਵੇ।

**ITEM NO.11** **ਮਹਾਂਲੇਖਾਕਾਰ, ਪੰਜਾਬ ਦੀ ਆਡਿਟ ਪਾਰਟੀ ਵਲੋਂ ਸਾਲ 2002-03 ਤੱਕ ਬਣਾਏ ਗਏ ਆਡਿਟ ਪੈਰਿਆਂ ਵਿਚੋ ਪੁਰਾਣੇ ਸਟੈਡਿੰਗ ਪੈਰ੍ਹਿਆਂ ਦੇ ਉੱਤਰ (ਸਰਕਾਰ ਪੱਧਰ ਤੇ ਸੈਟਲ ਕਰਵਾਉਣ ਲਈ) ;**

ਡਿਪਟੀ ਕੰਟਰੋਲਰ (ਵਿ. ਤੇ ਲੇ.) ਵੱਲੋਂ ਨਿਰਦੇਸ਼ਕ ਭਲਾਈ ਜੀ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਮਹਾਂਲੇਖਾਕਾਰ, ਪੰਜਾਬ ਦੀ ਆਡਿਟ ਪਾਰਟੀ ਵਲੋਂ ਸਾਲ 2002-03 ਤੱਕ ਬਣਾਏ ਗਏ ਆਡਿਟ ਪੈਰਿਆਂ ਵਿਚੋ ਪੁਰਾਣੇ ਸਟੈਡਿੰਗ ਪੈਰ੍ਹਿਆਂ ਦੇ ਉੱਤਰ ਕੇਵਲ ਜਿਲ੍ਹਾ ਭਲਾਈ ਅਫਸਰ, ਫਤਿਹਗੜ੍ਹ ਸਾਹਿਬ, ਪਟਿਆਲਾ, ਅਤੇ ਸੰਗਰੂਰ ਵੱਲੋਂ ਹੀ ਭੇਜੇ ਗਏ ਹਨ। ਮਹਾਂਲੇਖਾਕਾਰ, ਪੰਜਾਬ ਦੀ ਆਡਿਟ ਪਾਰਟੀ ਵਲੋਂ ਸਾਲ 2002-03 ਤੱਕ ਬਣਾਏ ਗਏ ਆਡਿਟ ਪੈਰਿਆਂ ਵਿਚੋ ਪੁਰਾਣੇ ਸਟੈਡਿੰਗ ਪੈਰ੍ਹਿਆਂ ਦੇ ਉੱਤਰ ਐਨੋਟੇਟਿੱਡ ਫਾਰਮ ਵਿਚ ਤਿਆਰ ਕਰਕੇ ਇੱਕ ਹਫਤੇ ਦੇ ਅੰਦਰ-ਅੰਦਰ ਸਬੰਧਤ ਦਸਤਾਵੇਜ਼ਾ ਸਹਿਤ ਮੁੱਖ ਦਫਤਰ ਵਿਖੇ ਪੁੱਜਦੇ ਕੀਤੇ ਜਾਣ।

ਮੀਟਿੰਗ ਵਿਚ ਡਾਇਰੈਕਟਰ ਐਸ.ਸੀ.ਐਸ.ਪੀ.-ਕਮ-ਸੰਯੁਕਤ ਸਕੱਤਰ ਵੱਲੋਂ ਹਾਜ਼ਰ ਅਧਿਕਾਰੀਆਂ ਨੂੰ ਸਪਸ਼ਟ ਕੀਤਾ ਗਿਆ ਕਿ ਅਨੁਸੂਚਿਤ ਜਾਤੀਆਂ ਸਬ ਪਲਾਨ ਤਹਿਤ ਆਉਂਦੀਆਂ ਸਕੀਮਾਂ ਦੀ ਸਮੀਖਿਆ ਕਰਨ ਲਈ ਵਿਜੀਲੈਂਸ ਅਤੇ ਮੋਨੀਟਰਿੰਗ ਕਮੇਟੀ ਦੀਆਂ ਮੀਟਿੰਗਾਂ ਕਰਵਾਉਣ ਲਈ ਤਹਿਸੀਲ ਭਲਾਈ ਅਫਸਰ ਬਲਾਕ ਪੱਧਰ ਤੇ ਮੈਂਬਰ ਸਕੱਤਰ ਹਨ। ਉਨ੍ਹਾਂ ਵੱਲੋਂ ਜਿਲ੍ਹਾ ਭਲਾਈ ਅਫਸਰਾਂ ਨੂੰ ਆਦੇਸ਼ ਦਿੱਤੇ ਗਏ ਕਿ ਅਨੁਸੂਚਿਤ ਜਾਤੀਆਂ ਸਬ ਪਲਾਨ ਤਹਿਤ ਆਉਂਦੀਆਂ ਸਕੀਮਾਂ ਦੀ ਸਮੀਖਿਆ ਕਰਨ ਲਈ ਜਿਨ੍ਹਾਂ ਜਿਲ੍ਹਿਆਂ ਵਿਚ ਅਜੇ ਤੱਕ ਬਲਾਕ ਪੱਧਰ ਤੇ ਕਮੇਟੀਆਂ ਗਠਿਤ ਨਹੀਂ ਹੋਈਆਂ, ਉਨ੍ਹਾਂ ਜਿਲ੍ਹਿਆਂ ਵਿਚ ਜਿਲ੍ਹਾ ਪ੍ਰਸ਼ਾਸ਼ਨ ਨਾਲ ਮਾਮਲਾ ਟੇਕ-ਅੱਪ ਕਰਕੇ ਕਮੇਟੀਆਂ ਗਠਿਤ ਕਰਵਾਈਆਂ ਜਾਣ ਅਤੇ ਸਮੇਂ ਸਮੇਂ-ਸਿਰ ਰੈਗੂਲਰ ਤੌਰ ਤੇ ਮੀਟਿੰਗਾਂ ਕਰਵਾਉਣ ਉਪਰੰਤ ਰਿਪੋਰਟ ਡਾਇਰੈਕਟਰ, ਅਨੁਸੂਚਿਤ ਜਾਤੀਆਂ ਸਬ ਪਲਾਨ ਨੂੰ ਭੇਜਣੀ ਯਕੀਨੀ ਬਣਾਉਣ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਐਸ.ਸੀ.ਏ. ਸਕੀਮਾਂ ਤਹਿਤ ਨਵੀਆਂ ਸਕੀਮਾਂ ਬਣਾਉਣ ਸਬੰਧੀ ਵੀ ਮੀਟਿੰਗ ਵਿਚ ਹਾਜ਼ਰ ਅਧਿਕਾਰੀਆਂ ਨੂੰ ਕਿਹਾ ਗਿਆ।

ਅਨੁਲੱਗ ੳ

ਮਾਨਯੋਗ ਸਕੱਤਰ ਭਲਾਈ ਵਿਭਾਗ ਜੀ ਦੀ ਪ੍ਰਧਾਨਗੀ ਹੇਠ ਮੁੱਖ ਦਫਤਰ, ਲਾਈਨ ਵਿਭਾਗਾਂ ਦੇ ਅਧਿਕਾਰੀਆਂ ਅਤੇ ਸਮੂਹ ਜਿਲ੍ਹਾ ਭਲਾਈ ਅਫਸਰਾਂ ਨਾਲ ਮਿਤੀ 11-11-2014 ਨੂੰ ਸਵੇਰੇ 11.00 ਵਜੇ ਕਮੇਟੀ ਰੂਮ, ਚੌਥੀ ਮੰਜਿਲ, ਮਿੰਨੀ ਸਕੱਤਰੇਤ, ਪੰਜਾਬ, ਸੈਕਟਰ 9, ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿੱਚ ਭਾਗ ਲੈਣ ਵਾਲੇ ਅਧਿਕਾਰੀਆਂ/ ਕਰਮਚਾਰੀਆਂ ਦੀ ਸੂਚੀ

| ਲੜੀ ਨੰ: | ਅਧਿਕਾਰੀ ਦਾ ਨਾਂ ਅਤੇ ਅਹੁਦਾ |
|---|---|
| | ਸਰਵ ਸ੍ਰੀ/ਸ੍ਰੀਮਤੀ |
| 1. | ਪਰਮਜੀਤ ਸਿੰਘ, ਆਈ.ਏ.ਐਸ., ਡਾਇਰੈਕਟਰ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ |
| 2. | ਐਚ.ਐਸ.ਨਾਗਪਾਲ, ਪੀ.ਸੀ.ਐਸ., ਸਪੈਸ਼ਲ ਸਕੱਤਰ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ |
| 3. | ਚਮਨ ਲਾਲ ਵਾਸਨ, ਡਾਇਰੈਕਟਰ ਐਸ.ਸੀ.ਐਸ.ਪੀ-ਕਮ-ਸੰਯੁਕਤ ਸਕੱਤਰ, ਪੰਜਾਬ, ਚੰਡੀਗੜ੍ਹ |
| 4. | ਬਿੰਦੂ ਵਾਲੀਆ, ਵਧੀਕ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ |
| 5. | ਅੰਜਨਾ ਸੰਧੂ, ਡਿਪਟੀ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ |
| 6. | ਗੁਰਨਾਮ ਸਿੰਘ, ਡਿਪਟੀ ਕੰਟਰੋਲਰ (ਵਿ:ਤੇ ਲੇ:), ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ |
| 7. | ਜੰਗ ਸਿੰਘ ਕੁੰਡਲਸ, ਪ੍ਰੋਗਰਾਮ ਕੋਆਰਡੀਨੇਟਰ, ਮਨਿਓਰਟੀ ਸ਼ਾਖਾ, ਭਲਾਈ ਵਿਭਾਗ, ਪੰਜਾਬ |
| 8. | ਪਰਵੀਨ ਕੌਰ, ਡਿਪਟੀ ਡਾਇਰੈਕਟਰ,ਤਕਨੀਕੀ ਸਿੱਖਿਆ ਵਿਭਾਗ, ਪੰਜਾਬ,ਚੰਡੀਗੜ੍ਹ |
| 9. | ਸਰਿਤਾ ਚੋਪੜਾ, ਸਹਾਇਕ ਡਾਇਰੈਕਟਰ (ਵਜੀਫਾ), ਸਿੱਖਿਆ ਵਿਭਾਗ (ਕਾ), ਪੰਜਾਬ |
| 10. | ਨਲਨੀ ਸ਼ਰਮਾ, ਓ.ਐਸ.ਡੀ (ਸਕਾਲਰਸ਼ਿਪ), ਡੀ.ਪੀ.ਆਈ (ਸੈ.ਸਿੱ), ਪੰਜਾਬ |
| 11. | ਜਯੋਤੀ, ਸਹਾਇਕ ਡਾਇਰੈਕਟਰ, ਸਿੱਖਿਆ ਵਿਭਾਗ (ਐ.ਸਿੱ), ਪੰਜਾਬ |
| 12. | ਪਰਮਿੰਦਰ ਸਿੰਘ ਗਿੱਲ, ਜਿਲ੍ਹਾ ਭਲਾਈ ਅਫਸਰ, ਪਟਿਆਲਾ ਵਾਧੂ ਚਾਰਜ ਡਿਪਟੀ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ |
| 13. | ਜਸਵਿੰਦਰ ਸਿੰਘ ਗਿੱਲ, ਜਿਲ੍ਹਾ ਭਲਾਈ ਅਫਸਰ, ਐਸ.ਏ.ਐਸ.ਨਗਰ ਵਾਧੂ ਚਾਰਜ ਡਿਪਟੀ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ |
| 14. | ਜਸਦੇਵ ਸਿੰਘ, ਜਿਲ੍ਹਾ ਭਲਾਈ ਅਫਸਰ, ਅੰਮ੍ਰਿਤਸਰ |
| 15. | ਸਰਦੂਲ ਸਿੰਘ, ਜਿਲ੍ਹਾ ਭਲਾਈ ਅਫਸਰ, ਬਠਿੰਡਾ |
| 16. | ਕੁਲਵੰਤ ਸਿੰਘ, ਤਹਿਸੀਲ ਭਲਾਈ ਅਫਸਰ, ਬਰਨਾਲਾ ਵਾਧੂ ਚਾਰਜ ਜਿਲਾ ਭਲਾਈ ਅਫਸਰ, ਬਰਨਾਲਾ |
| 17. | ਬਰਿੰਦਰ ਸਿੰਘ, ਤਹਿਸੀਲ ਭਲਾਈ ਅਫਸਰ, ਫਾਜਿਲਕਾ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਫਾਜਿਲਕਾ |
| 18. | ਇੰਦਰ ਸਿੰਘ, ਤਹਿਸੀਲ ਭਲਾਈ ਅਫਸਰ, ਫਰੀਦਕੋਟ, ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਫਰੀਦਕੋਟ |
| 19. | ਜਸਵੀਰ ਸਿੰਘ, ਜਿਲ੍ਹਾ ਭਲਾਈ ਅਫਸਰ, ਫਤਿਹਗੜ੍ਹ ਸਾਹਿਬ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਰੂਪਨਗਰ |
| 20. | ਮਨਜੀਤ ਸਿੰਘ, ਤਹਿਸੀਲ ਭਲਾਈ ਅਫਸਰ, ਗੁਰਦਾਸਪੁਰ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਗੁਰਦਾਸਪੁਰ ਅਤੇ ਪਠਾਨਕੋਟ। |
| 21. | ਰਾਜਿੰਦਰ ਸਿੰਘ, ਜਿਲਾ ਭਲਾਈ ਅਫਸਰ, ਜਲੰਧਰ ਵਾਧੂ ਚਾਰਜ ਜਿਲਾ ਭਲਾਈ ਅਫਸਰ, ਹੁਸ਼ਿਆਰਪੁਰ |
| 22. | ਲਖਵਿੰਦਰ ਸਿੰਘ, ਜਿਲ੍ਹਾ ਭਲਾਈ ਅਫਸਰ, ਕਪੂਰਥਲਾ |
| 23. | ਗੁਰਮੀਤ ਸਿੰਘ, ਤਹਿਸੀਲ ਭਲਾਈ ਅਫਸਰ, ਮੋਗਾ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਮੋਗਾ |
| 24. | ਗੁਰਮੀਤ ਸਿੰਘ, ਤਹਿਸੀਲ ਭਲਾਈ ਅਫਸਰ, ਸ੍ਰੀ ਮੁਕਤਸਰ ਸਾਹਿਬ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਸ੍ਰੀ ਮੁਕਤਸਰ ਸਾਹਿਬ |
| 25. | ਕੁਲਦੀਪ ਸਿੰਘ, ਤਹਿਸੀਲ ਭਲਾਈ ਅਫਸਰ, ਮਾਨਸਾ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਮਾਨਸਾ |
| 26. | ਅਮਰੀਕ ਸਿੰਘ, ਤਹਿਸੀਲ ਭਲਾਈ ਅਫਸਰ, ਸ਼ਹੀਦ ਭਗਤ ਸਿੰਘ ਨਗਰ, ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਸ਼ਹੀਦ ਭਗਤ ਸਿੰਘ ਨਗਰ |
| 27. | ਗੁਰਿੰਦਰਜੀਤ ਸਿੰਘ, ਤਹਿਸੀਲ ਭਲਾਈ ਅਫਸਰ, ਸੰਗਰੂਰ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਸੰਗਰੂਰ |
| 28. | ਸਰਬਜਿੰਦਰ ਸਿੰਘ ਰੰਧਾਵਾ, ਜਿਲ੍ਹਾ ਭਲਾਈ ਅਫਸਰ, ਤਰਨਤਾਰਨ ਵਾਧੂ ਚਾਰਜ ਜਿਲ੍ਹਾ ਭਲਾਈ ਅਫਸਰ, ਫਿਰੋਜ਼ਪੁਰ |
| 29. | ਤਰਸੇਮ ਮਸੀਹ, ਤਹਿਸੀਲ ਭਲਾਈ ਅਫਸਰ, ਹੁਸ਼ਿਆਰਪੁਰ |
| 30. | ਸੁਰੇਸ਼ ਕੁਮਾਰ, ਸੀਨੀਅਰ ਸਹਾਇਕ, ਦਫਤਰ ਜਿਲ੍ਹਾ ਭਲਾਈ ਅਫਸਰ, ਲੁਧਿਆਣਾ |
| 31. | ਹਰਮੋਹਨ ਕੌਰ, ਸੁਪਰਡੰਟ, ਮੁੱਖ ਦਫਤਰ, ਚੰਡੀਗੜ੍ਹ |
| 32. | ਮਿਸ ਹਰਦੀਪ ਕੌਰ, ਸੈਕਸ਼ਨ ਅਫਸਰ, ਮੁੱਖ ਦਫਤਰ, ਚੰਡੀਗੜ੍ਹ |
| 33. | ਦਰਸ਼ਨ ਕੁਮਾਰ, ਸੀਨੀਅਰ ਸਹਾਇਕ, ਮੁੱਖ ਦਫਤਰ, ਚੰਡੀਗੜ੍ਹ |
| 34. | ਸੁਰੇਸ਼ ਮਸੀਹ, ਸੀਨੀਅਰ ਸਹਾਇਕ, ਮੁੱਖ ਦਫਤਰ, ਚੰਡੀਗੜ੍ਹ |